# ਨਛੱਤਰ ਦਾ ਨਾਵਲ **ਨਿੱਕੇ ਨਿੱਕੇ** ਅਸਮਾਨ ਇਕ ਅਧਿਐਨ

ਨਛੱਤਰ ਪੰਜਾਬੀ ਦੇ ਉਨ੍ਹਾਂ ਸੂਝਵਾਨ ਸਮਕਾਲੀ ਗਲਪਕਾਰਾਂ ਵਿਚੋਂ ਹੈ ਜਿਨ੍ਹਾਂ ਨੇ ਪੰਜਾਬੀ ਸਮਾਜ-ਸਭਿਆਚਾਰ ਦੀ ਵਰਤਮਾਨ ਗੁੰਝਲਦਾਰ ਸਥਿਤੀ ਅਤੇ ਮਾਨਵੀ ਰਿਸ਼ਤਿਆਂ ਦੀ ਬਦਲ ਰਹੀ ਨੁਹਾਰ ਨੂੰ ਨੀਝ ਨਾਲ ਉਲੀਕਣ ਦਾ ਉਪਰਾਲਾ ਕੀਤਾ ਹੈ। ਉਸਨੇ ਆਪਣੇ ਸਾਹਿੱਤਕ ਸਫ਼ਰ ਦੀ ਸ਼ੁਰੂਆਤ **ਧੁਖਦੇ ਚਿਹਰੇ** ਕਹਾਣੀ-ਸੰਗ੍ਰਹਿ ਨਾਲ ਕੀਤੀ ਜਿਸਤੋਂ ਬਾਦ ਉਸਦੇ ਉਪਰੋਥਲੀ ਚਾਰ ਹੋਰ ਕਹਾਣੀ-ਸੰਗ੍ਰਹਿ - **ਤੀਲ੍ਹਾ ਤੀਲ੍ਹਾ, ਜਿਉਣ ਜੋਗੇ, ਘੁੰਮਣ ਘੇਰੀ ਅਤੇ ਹਾਰ ਜਿੱਤ** ਅਤੇ ਦੋ ਨਾਵਲ - **ਬੁੱਢੀ ਸਦੀ ਦਾ ਮਨੁੱਖ** ਅਤੇ **ਬਾਕੀ ਦਾ ਸੱਚ** ਪ੍ਰਕਾਸ਼ਿਤ ਹੋਏ। ਇਨ੍ਹਾਂ ਕਹਾਣੀਆਂ ਅਤੇ ਨਾਵਲਾਂ ਵਿਚ ਨਛੱਤਰ ਨੇ ਦਲਿਤ-ਚੇਤਨਾ ਦੇ ਹਵਾਲੇ ਨਾਲ ਆਪਣੀ ਨਿਵੇਕਲੀ ਪਛਾਣ ਬਣਾਉਣ ਦਾ ਉਪਰਾਲਾ ਕੀਤਾ ਹੈ। ਉਸਦਾ ਨਵ-ਪ੍ਰਕਾਸ਼ਿਤ ਤੀਸਰਾ ਨਾਵਲ ਨਿੱਕੇ ਨਿੱਕੇ ਅਸਮਾਨ ਵੀ ਇਸੇ ਹੀ ਦਿਸ਼ਾ ਵਲ ਪੁੱਟਿਆ ਗਿਆ ਇਕ ਹੋਰ ਸਾਰਥਕ ਕਦਮ ਹੈ। ਇਸ ਨਾਵਲ ਦੇ ਵਿਸ਼ੈ-ਸੰਗਠਨ ਦਾ ਮੂਲ ਆਧਾਰ ਦਲਿਤ-ਚੇਤਨਾ ਹੀ ਹੈ ਪਰ ਇਹ ਨਾਵਲ ਨਿਰੋਲ ਦਲਿਤ-ਯਥਾਰਥ ਦੀ ਪੇਸ਼ਕਾਰੀ ਤਕ ਮਹਿਦੂਦ ਨਹੀਂ ਰਹਿੰਦਾ ਸਗੋਂ ਅਜੋਕੇ ਆਰਥਕ ਸੰਕਟ ਵਿਚ ਘਿਰੀ ਹੋਈ ਨਿਮਨ ਕਿਸਾਨੀ ਦਾ ਸਮਾਨੰਤਰ ਬਿਰਤਾਂਤ ਵੀ ਸਿਰਜਦਾ ਹੈ। ਇਸਤੋਂ ਇਲਾਵਾ ਇਸਦੇ ਗਲਪ-ਸੰਸਾਰ ਵਿਚ ਪੇਂਡੂ ਭਾਈਚਾਰੇ ਦੀ ਪ੍ਰਤਿਨਿਧਤਾ ਕਰਨ ਵਾਲੀਆਂ ਭਿੰਨ-ਭਿੰਨ ਜਾਤ-ਬਰਾਦਰੀਆਂ ਦੀ ਸਮੱਸਿਆ-ਗ੍ਰਸਤ ਹੋਂਦ-ਵਿਧੀ ਨੂੰ ਵੀ ਸੁਹਿਰਦਤਾ ਨਾਲ ਚਿਤਰਿਆ ਗਿਆ ਹੈ। ਇਸ ਤਰ੍ਹਾਂ ਇਹ ਨਾਵਲ ਦੁੱਲੇ ਦੀ ਢਾਬ, ਅੰਨਦਾਤਾ ਅਤੇ ਕੌਰਵ ਸਭਾ ਵਰਗੇ ਉਨ੍ਹਾਂ ਨਾਵਲਾਂ ਦੀ ਕਤਾਰ ਵਿਚ ਸ਼ਾਮਿਲ ਹੋ ਜਾਂਦਾ ਹੈ ਜੋ ਆਪੋ ਆਪਣੇ ਢੰਗ ਨਾਲ ਸੰਕਟ-ਗ੍ਰਸਤ ਸਮਕਾਲੀ ਯਥਾਰਥ ਦੀਆਂ ਵਿਭਿੰਨ ਪਰਤਾਂ ਨੂੰ ਫਰੋਲਣ ਵਲ ਰੁਚਿਤ ਹਨ। ਇਨ੍ਹਾਂ ਨੇ ਅਜੋਕੇ ਦੌਰ ਵਿਚ ਪੰਜਾਬ ਦੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਦੀ ਤੇਜ਼ੀ ਨਾਲ ਬਦਲ ਰਹੀ ਆਰਥਿਕ ਸਾਮਾਜਿਕ ਬਣਤਰ ਅਤੇ ਉਸਦੇ ਅਨੁਰੂਪ ਮਾਨਵੀ ਰਿਸ਼ਤਿਆਂ ਤੇ ਕਦਰਾਂ-ਕੀਮਤਾਂ ਵਿਚ ਆ ਰਹੇ ਪਰਿਵਰਤਨ ਦੀ ਨਿਸ਼ਾਨਦੇਹੀ ਕਰਨ ਵਾਲਾ ਦਸਤਾਵੇਜ਼ੀ ਬਿਰਤਾਂਤ ਉਸਾਰਨ ਦੀ ਚੇਸ਼ਟਾ ਕੀਤੀ ਹੈ।

ਓਪਰੀ ਨਜ਼ਰ ਨਾਲ ਦੇਖਿਆਂ, ਨਛੱਤਰ ਦਾ ਨਾਵਲ **ਨਿੱਕੇ ਨਿੱਕੇ ਅਸਮਾਨ** ਇਕ ਅਜਿਹੇ ਸਰਲ ਜਿਹੇ ਘਟਨਾ-ਕ੍ਰਮ ਨੂੰ ਪੇਸ਼ ਕਰਨ ਵਲ ਰੁਚਿਤ ਹੁੰਦਾ ਹੈ ਜਿਸਦੀ ਅਰਥ-ਸਾਰਥਕਤਾ ਨੂੰ ਗ੍ਰਹਿਣ ਕਰਨ ਵਿਚ ਪਾਠਕ ਨੂੰ ਬਹੁਤਾ ਉਚੇਚ ਨਹੀਂ ਕਰਨਾ ਪੈਂਦਾ। ਪਰ ਜਦੋਂ ਅਸੀਂ ਇਸ ਨਾਵਲ ਦੇ ਵਿਸ਼ੈ-ਸੰਗਠਨ, ਇਸਦੀ ਗਲਪ ਵਿਧੀ ਅਤੇ ਇਸਦੀਆਂ

ਬਿਰਤਾਂਤਕ ਜੁਗਤਾਂ ਵਲ ਧਿਆਨ ਦਿੰਦੇ ਹਾਂ ਤਾਂ ਇਹ ਇਕ ਸੰਘਣੇ ਪ੍ਰਭਾਵ ਵਾਲੀ ਜਟਿਲ ਰਚਨਾ ਸਿੱਧ ਹੁੰਦੀ ਹੈ। ਇਸ ਨਾਵਲ ਦਾ ਸਿਰਜਿਤ ਸੰਸਾਰ ਮੂਲ ਰੂਪ ਵਿਚ ਰੁਮਾਨੀ ਪਿਆਰ-ਸੰਬੰਧਾਂ ਅਤੇ ਜਾਤੀਗਤ ਸੰਸਕਾਰਾਂ ਵਿਚਕਾਰ ਸੰਘਰਸ਼ ਅਤੇ ਦਵੰਦ ਨੂੰ ਮੂਰਤੀਮਾਨ ਕਰਦਾ ਹੈ। ਇਸ ਮੰਤਵ ਲਈ ਲੇਖਕ ਨੇ ਅੰਤਰ-ਜਾਤੀ ਪਿਆਰ ਅਤੇ ਸੈਕਸ ਸੰਬੰਧਾਂ ਨੂੰ ਅਗਰਭੂਮੀ ਵਿਚ ਲਿਆਂਦਾ ਹੈ। ਜੇ ਇਸ ਵਿਚਲੇ ਪਿਆਰ ਸੰਬੰਧ ਰੁਮਾਂਸ ਭਾਵਨਾ ਦੀ ਉਪਜ ਹਨ ਤਾਂ ਸੈਕਸ ਸੰਬੰਧ ਅਮੋੜ ਕਾਮਨਾ ਜਾਂ ਵਿਦਰੋਹ ਦੀ ਪੈਦਾਵਾਰ ਹਨ। ਦਿਲਚਸਪ ਗੱਲ ਇਹ ਹੈ ਕਿ ਇਸ ਵਿਚਲਾ ਪਿਆਰ ਅਤੇ ਸੈਕਸ ਦਾ ਪੈਰਾਡਾਈਮ ਤਣਾਉਸ਼ੀਲ ਜਾਤੀਗਤ ਰਿਸ਼ਤਿਆਂ ਲਈ ਪਰਖ ਦੀ ਕਸਵੱਟੀ ਬਣ ਜਾਂਦਾ ਹੈ। ਇਸੇ ਤਰ੍ਹਾਂ ਇਹ ਸਦੀਆਂ ਤੋਂ ਤੁਰੀ ਆ ਰਹੀ ਵਰਣ-ਵਿਵਸਥਾ ਦੇ ਰੂੜ੍ਹੀਵਾਦੀ ਕਿਰਦਾਰ ਨੂੰ ਹੀ ਨਹੀਂ ਉਘਾੜਦਾ ਸਗੋਂ ਆਰਥਿਕ ਸੰਕਟ ਦੇ ਵਰਤਮਾਨ ਮਾਹੌਲ ਵਿਚ ਜਾਤੀਗਤ ਸੰਸਕਾਰਾਂ ਦੀ ਵਿਡੰਬਨਾ-ਭਰਪੂਰ ਸਥਿਤੀ ਨੂੰ ਵੀ ਉਜਾਗਰ ਕਰਦਾ ਹੈ।

ਨਾਵਲੀ ਪ੍ਰਵਚਨ ਦਾ ਮੁੱਖ ਤਰਕ ਇਹ ਹੈ ਜਾਤੀਗਤ ਹਉਮੈ ਅਤੇ ਤ੍ਰਿਸਕਾਰ ਦੀਆਂ ਭਾਵਨਾਵਾਂ ਦੇ ਪਿਛੋਕੜ ਵਿਚ ਮਿਹਨਤਕਸ਼ (ਦਲਿਤ) ਵਰਗਾਂ ਦਾ ਇਤਿਹਾਸਕ ਸ਼ੋਸ਼ਣ ਅਤੇ ਦਮਨ ਪਿਆ ਹੋਇਆ ਹੈ ਜਿਸਦੀ ਬੁਨਿਆਦ ਜਾਤ-ਆਧਾਰਿਤ ਰਵਾਇਤੀ ਕਿੱਤਿਆਂ ਉੱਪਰ ਟਿਕੀ ਹੋਈ ਹੈ। ਜਦੋਂ ਦਲਿਤ ਵਰਗਾਂ ਨੇ ਆਰਥਿਕ ਸੰਕਟ ਵਿਚੋਂ ਉੱਭਰਨ ਲਈ ਰਵਾਇਤੀ ਕੰਮ-ਧੰਦੇ ਛੱਡ ਕੇ ਰੋਜ਼ਗਾਰ ਦੇ ਨਵੇਂ ਵਸੀਲਿਆਂ ਦੀ ਤਲਾਸ਼ ਕਰਨੀ ਆਰੰਭ ਕੀਤੀ ਤਾਂ ਇਸ ਨਾਲ ਉਨ੍ਹਾਂ ਦੀ ਆਰਥਿਕ ਹੈਸੀਅਤ ਵਿਚ ਹੀ ਪਰਿਵਰਤਨ ਨਹੀਂ ਵਾਪਰਿਆ ਸਗੋਂ ਸਾਮਾਜਿਕ ਦਰਜੇ-ਬੰਦੀ ਦੀ ਜਕੜ ਵੀ ਢਿੱਲੀ ਹੋਣੀ ਆਰੰਭ ਹੋ ਗਈ। ਅਜਿਹੀ ਸਥਿਤੀ ਵਿਚ ਜਿੱਥੇ ਦਲਿਤ ਦੇ ਮਨ ਵਿਚ ਸਵੈ-ਵਿਸ਼ਵਾਸ਼ ਦੀਆਂ ਭਾਵਨਾਵਾਂ ਜਾਗ੍ਰਿਤ ਹੋਈਆਂ ਓਥੇ ਆਪਣੇ ਆਪਨੂੰ ਕੁਲੀਨ ਸਮਝਣ ਵਾਲੇ ਗ਼ੈਰ-ਦਲਿਤਾਂ ਦੀ ਸੰਸਕਾਰ-ਗ੍ਰਸਤ ਮਾਨਸਿਕਤਾ ਵਿਚ ਅੰਤਰਦਵੰਦ ਪੈਦਾ ਹੋਣਾ ਵੀ ਸੁਭਾਵਿਕ ਹੀ ਸੀ। ਮਾਨਵੀ ਰਿਸ਼ਤਿਆਂ ਅਤੇ ਕਦਰਾਂ-ਕੀਮਤਾਂ ਦੀ ਇਸ ਬਦਲ ਰਹੀ ਸਥਿਤੀ ਦੇ ਪਿਛੋਕੜ ਵਿਚ ਮੁੱਖ ਤੌਰ ਤੇ ਕਿੱਤਾ-ਪਰਿਵਰਤਨ ਅਤੇ ਰਿਜ਼ਰਵੇਸ਼ਨ ਦੀ ਸਰਕਾਰੀ ਨੀਤੀ ਕਾਰਜਸ਼ੀਲ ਹੈ। ਨਾਵਲ ਦਾ ਸਿਰਜਿਤ ਸੰਸਾਰ ਅਜੋਕੇ ਪੰਜਾਬੀ ਸਮਾਜ-ਸਭਿਆਚਾਰ ਦੇ ਇਸੇ ਕਿਸਮ ਦੇ ਪਰਿਵਰਤਨਸ਼ੀਲ ਯਥਾਰਥ ਨੂੰ ਮੂਰਤੀਮਾਨ ਕਰਦਾ ਹੈ।

ਨਾਵਲੀ ਵਿਧਾ ਦੇ ਦ੍ਰਿਸ਼ਟੀਕੋਣ ਤੋਂ ਵੀ ਇਹ ਨਾਵਲ ਪ੍ਰਯੋਗਸ਼ੀਲ ਵਿਲੱਖਣਤਾ ਦਾ ਪ੍ਰਮਾਣ ਪੇਸ਼ ਕਰਦਾ ਹੈ। ਸੱਭ ਤੋਂ ਪਹਿਲਾਂ ਇਸ ਨਾਵਲ ਦੀ ਕਥਾਨਕੀ ਜੁਗਤ ਸਾਡਾ ਧਿਆਨ ਆਕਰਸ਼ਿਤ ਕਰਦੀ ਹੈ। ਨਾਵਲ ਦਾ ਆਰੰਭ ਨਿਮਨ

ਜਾਤੀ ਨਾਲ ਸੰਬੰਧਿਤ ਪਾਤਰ ਜਸਪ੍ਰੀਤ ਦੀ ਸਥਿਤੀ ਅਤੇ ਮਨੋਸਥਿਤੀ ਦੇ ਬਿਰਤਾਂਤ ਨਾਲ ਹੁੰਦਾ ਹੈ। ਨਾਵਲਕਾਰ ਨੇ ਇਸ ਪਾਤਰ ਨੂੰ ਕਥਾਨਕ ਦਾ ਮੁੱਖ ਸੂਤਰ ਬਣਾਇਆ ਹੈ। ਲੇਖਕ ਨੇ ਇਸ ਪਾਤਰ ਦੇ ਰੁਮਾਨੀ ਪਿਆਰ-ਸੰਬੰਧ ਦੀ ਅਸਫਲਤਾ ਦਾ ਮੁੱਖ ਕਾਰਣ ਜਾਤੀਗਤ ਸੰਸਕਾਰਾਂ ਨੂੰ ਦਰਸਾਇਆ ਹੈ। ਇਹ ਪਾਤਰ ਆਪਣੇ ਅਤੀਤ ਦੀਆਂ ਸਿਮਰਤੀਆਂ ਵਿਚ ਵਿਚਰਦਾ ਹੋਇਆ ਵਰਤਮਾਨ ਦੇ ਬਦਲ ਰਹੇ ਦ੍ਰਿਸ਼ ਦੇ ਰੂਬਰੂ ਹੁੰਦਾ ਹੈ। ਉਸਦਾ ਇਹ ਅਤੀਤ ਅਤੇ ਵਰਤਮਾਨ ਅਸਲ ਵਿਚ ਸਾਡੇ ਸੰਸਥਾਗਤ ਇਤਿਹਾਸ ਦਾ ਪ੍ਰਤੀਕਾਤਮਕ ਪ੍ਰਗਟਾਵਾ ਹੋ ਨਿਬੜਦਾ ਹੈ। ਅੱਜ ਤੋਂ ਪੰਜਾਹ ਸਾਲ ਪਹਿਲਾਂ ਦੇ ਪੰਜਾਬ ਵਿਚ ਜਿੱਥੇ ਅੰਤਰ-ਜਾਤੀ ਵਿਆਹ ਦੀ ਸਿਰਫ਼ ਰੁਮਾਨੀ ਕਲਪਨਾ ਹੀ ਕੀਤੀ ਜਾ ਸਕਦੀ ਸੀ ਓਥੇ ਸਾਮਾਜਿਕ ਆਰਥਿਕ ਬਣਤਰ ਦੇ ਬਦਲੇ ਹੋਏ ਅਜੋਕੇ ਮਾਹੌਲ ਵਿਚ ਇਸਨੂੰ ਕੋਈ ਅਲੋਕਾਰ ਗੱਲ ਨਹੀਂ ਸਮਝਿਆ ਜਾਂਦਾ। ਇਸ ਸਥਿਤੀ ਨੂੰ ਰੂਪਮਾਨ ਕਰਨ ਲਈ ਲੇਖਕ ਨੇ ਚੇਤਨਾ-ਪ੍ਰਵਾਹ ਅਤੇ ਫ਼ੈਂਟਸੀ ਦੀ ਦੂਹਰੀ ਜੁਗਤ ਇਸਤੇਮਾਲ ਕੀਤੀ ਹੈ। ਨਾਵਲ ਦਾ ਇਹ ਪਾਤਰ ਜਦੋਂ ਵੀ ਆਪਣੇ ਪੁੱਤਰ ਸੰਦੀਪ ਅਤੇ ਉਸਦੀ ਦੋਸਤ-ਕੁੜੀ ਹਰਮਨ ਵਿਚਕਾਰ ਪਿਆਰ ਸੰਬੰਧਾਂ ਨੂੰ ਪਨਪਦਿਆਂ ਦੇਖਦਾ ਹੈ ਤਾਂ ਉਸਨੂੰ ਹਰਮਨ ਦੇ ਨੈਣ-ਨਕਸ਼ਾਂ ਵਿਚ ਆਪਣੀ ਮਹਿਬੂਬ ਦਾ ਚਿਹਰਾ ਨਜ਼ਰ ਆਉਂਦਾ ਹੈ। ਉਸਦੇ ਮਨ ਵਿਚ ਬਾਰ ਬਾਰ ਅਤੀਤ ਦੀਆਂ ਸਿਮਰਤੀਆਂ ਉੱਭਰਦੀਆਂ ਹਨ। ਇਨ੍ਹਾਂ ਸਿਮਰਤੀਆਂ ਨੂੰ ਲੇਖਕ ਨੇ ਚੇਤਨਾ-ਪ੍ਰਵਾਹ ਦੀ ਜੁਗਤ ਦੇ ਰੂਪ ਵਿਚ ਪ੍ਰਸਤੁਤ ਕੀਤਾ ਹੈ। ਇਸਦੇ ਨਾਲ ਹੀ ਇਸ ਪਾਤਰ ਨੂੰ ਬਾਜ਼ਾਰ ਦੀ ਭੀੜ ਵਿਚੋਂ ਸੈਨਤਾਂ ਮਾਰਦਾ ਇਕ ਬੱਚਾ ਦਿਖਾਈ ਦਿੰਦਾ ਹੈ। ਉਹ ਉਸਦੇ ਪਿੱਛੇ ਭੱਜਦਾ ਹੈ ਪਰ ਨੇੜੇ ਜਾ ਕੇ ਦੇਖਿਆਂ ਉਸਨੂੰ ਮਹਿਸੂਸ ਹੁੰਦਾ ਹੈ ਕਿ ਇਹ ਬੱਚਾ ਤਾਂ ਉਹ ਆਪ ਹੀ ਸੀ। ਇਸ ਤਰ੍ਹਾਂ ਲੇਖਕ ਨੇ ਅਤੀਤ ਨੂੰ ਉਸਾਰਨ ਲਈ ਚੇਤਨਾ-ਪ੍ਰਵਾਹ ਦੇ ਨਾਲ ਨਾਲ ਫ਼ੈਂਟਸੀ ਦੀ ਜੁਗਤ ਨੂੰ ਵੀ ਵਰਤਿਆ ਹੈ। ਪਰ ਇਨ੍ਹਾਂ ਦੋਹਾਂ ਜੁਗਤਾਂ ਦੀ ਵਰਤੋਂ ਉਸਨੇ ਕਿਸੇ ਤਰ੍ਹਾਂ ਦੇ ਉਚੇਚ ਨਾਲ ਨਹੀਂ ਕੀਤੀ ਗਈ ਸਗੋਂ ਬੜੇ ਹੀ ਸਹਿਜ ਸੁਭਾਵਿਕ ਢੰਗ ਨਾਲ ਕੀਤੀ ਹੈ। ਦੇਖਿਆ ਜਾਵੇ ਤਾਂ ਇਨ੍ਹਾਂ ਪ੍ਰਯੋਗਸ਼ੀਲ ਜੁਗਤਾਂ ਨੂੰ ਸਹਿਜ ਬਣਾਉਣ ਵਿਚ ਹੀ ਲੇਖਕ ਦੀ ਕਲਾਕਾਰੀ ਹੈ।

ਨਾਵਲ ਦੇ ਗਲਪੀ ਸੰਸਾਰ ਵਿਚ ਭਾਵੇਂ ਜਸਪ੍ਰੀਤ ਨੂੰ ਕੇਂਦਰੀ ਸਥਾਨ ਦਿੱਤਾ ਗਿਆ ਹੈ ਪਰ ਤਾਂ ਵੀ ਉਸਨੂੰ ਨਾਵਲ ਦਾ ਇਕੋ ਇਕ ਮੁੱਖ ਪਾਤਰ ਨਹੀਂ ਆਖਿਆ ਜਾ ਸਕਦਾ। ਕਾਰਣ ਇਹ ਹੈ ਕਿ ਨਾਵਲ ਵਿਚ ਹੋਰ ਵੀ ਅਨੇਕਾਂ ਪਾਤਰ ਅਜਿਹੇ ਹਨ ਜਿਨ੍ਹਾਂ ਦੇ ਆਪੋ ਆਪਣੇ ਨਿੱਕੇ ਨਿੱਕੇ ਅਸਮਾਨ ਹਨ। ਉਨ੍ਹਾਂ ਦੀਆਂ ਆਪੋ ਆਪਣੀਆਂ ਲੋੜਾਂ ਅਤੇ ਮਜਬੂਰੀਆਂ ਹਨ, ਸੰਕਟ ਅਤੇ ਸੰਤਾਪ ਹਨ, ਕਾਮਨਾਵਾਂ ਅਤੇ ਉਮੰਗਾਂ ਹਨ। ਉਹ ਸੰਸਥਾ ਅਤੇ ਵਿਵਸਥਾ ਦਾ ਬੋਝ ਵੀ

ਢੋਂਦੇ ਹਨ ਅਤੇ ਉਸਨੂੰ ਨਕਾਰਦੇ/ਵੰਗਾਰਦੇ ਵੀ ਹਨ। ਇਨ੍ਹਾਂ ਪਾਤਰਾਂ ਵਿਚ ਦਲਿਤ ਵੀ ਹਨ ਅਤੇ ਗ਼ੈਰ-ਦਲਿਤ ਵੀ। ਦੋਹਾਂ ਦੀ ਅੰਤਰ ਕਿਰਿਆ ਨੂੰ ਚਿਤਰਦਿਆਂ ਲੇਖਕ ਨੇ ਕਿਸੇ ਤਰ੍ਹਾਂ ਦੇ ਜਾਤੀਗਤ ਪੱਖਪਾਤ ਤੋਂ ਕੰਮ ਨਹੀ ਲਿਆ ਸਗੋਂ ਜਾਤੀਗਤ ਅਤੇ ਵਿਅਕਤੀਗਤ ਸੋਚ ਨੂੰ ਬਰਾਬਰ ਦੀ ਸਪੇਸ ਪ੍ਰਦਾਨ ਕੀਤੀ ਹੈ। ਇਹੀ ਕਾਰਣ ਹੈ ਕਿ ਇਸ ਨਾਵਲ ਨੂੰ ਬਾਖ਼ਤਿਨ ਦੇ ਨਾਵਲੀ ਚਿੰਤਨ ਅਨੁਸਾਰ ਬਹੁ-ਧੁਨੀ ਨਾਵਲ ਵੀ ਆਖਿਆ ਜਾ ਸਕਦਾ ਹੈ। ਨਾਵਲੀ ਵਿਧਾ ਦੇ ਇਤਿਹਾਸ ਵਿਚ ਇਸ ਕਿਸਮ ਦੇ ਬਹੁ-ਧੁਨੀ ਨਾਵਲ ਦੀ ਆਮਦ ਨੂੰ ਇਸਦੇ ਭਰਪੂਰ ਕਲਾਤਮਕ ਵਿਕਾਸ ਦੀ ਸੂਚਨਾ ਮੰਨਿਆਂ ਜਾ ਸਕਦਾ ਹੈ।

ਨਾਵਲ ਵਿਚ ਅੰਤਰ-ਜਾਤੀ ਪਿਆਰ ਅਤੇ ਵਿਆਹ ਸੰਬੰਧਾਂ ਨੂੰ ਵਿਸ਼ੇਸ਼ ਮਹੱਤਵ ਪ੍ਰਦਾਨ ਕੀਤਾ ਗਿਆ ਹੈ। ਕਾਰਣ ਇਹ ਹੈ ਕਿ ਇਨ੍ਹਾਂ ਸੰਬੰਧਾਂ ਦੇ ਮਾਧਿਅਮ ਰਾਹੀਂ ਹੀ ਕਿਸੇ ਸਮਾਜ-ਸਭਿਆਚਾਰ ਵਿਚ ਪ੍ਰਚੱਲਤ ਕਦਰਾਂ-ਕੀਮਤਾਂ ਦੀ ਮਾਨਵੀ ਧਰਾਤਲ ਉੱਤੇ ਹਕੀਕੀ ਪਰਖ ਹੋ ਸਕਦੀ ਹੈ। ਸੱਚ ਤਾਂ ਇਹ ਹੈ ਕਿ ਮਨੁੱਖੀ ਹੋਂਦ ਨੂੰ ਅਰਥ-ਸਾਰਥਕਤਾ ਪ੍ਰਦਾਨ ਕਰਨ ਵਾਲੇ ਪ੍ਰਮੁੱਖ ਤੱਤ ਪਿਆਰ ਸੰਬੰਧ ਹੀ ਹੁੰਦੇ ਹਨ। ਭਾਰਤੀ ਸਮਾਜ ਸਭਿਆਚਾਰ ਨੂੰ ਜਾਤੀ-ਪ੍ਰਥਾ ਦੀ ਮਸਨੂਈ ਦਰਜੇਬੰਦੀ ਵਿਚ ਵੰਡਣ ਵਾਲੀ ਪੁਰਾਤਨ ਬ੍ਰਾਹਮਣਵਾਦੀ ਸੋਚ ਨੇ ਇਥੋਂ ਦੇ ਸਮੂਹ ਭਾਈਚਾਰਿਆਂ ਦੇ ਅਵਚੇਤਨ ਨੂੰ ਜਕੜ ਲਿਆ ਸੀ ਜਿਸਨੂੰ ਮੱਧਕਾਲੀਨ ਸੰਤਾਂ ਭਗਤਾਂ ਅਤੇ ਗੁਰੂ ਵਿਅਕਤੀਆਂ ਦਾ ਕ੍ਰਾਂਤੀਕਾਰੀ ਪ੍ਰਵਚਨ ਵੀ ਪੂਰੀ ਤਰ੍ਹਾਂ ਨਹੀਂ ਮਿਟਾ ਸਕਿਆ। ਸਦੀਆਂ ਤੋਂ ਤੁਰੀ ਆ ਰਹੀ ਇਹ ਸੋਚ ਉਦੋਂ ਹੀ ਤਿੜਕਦੀ ਹੈ ਜਦੋਂ ਇਸਦਾ ਆਰਥਿਕ ਸਾਮਾਜਿਕ ਆਧਾਰ ਖੰਡਿਤ ਹੁੰਦਾ ਹੈ। ਨਛੱਤਰ ਦਾ ਇਹ ਨਾਵਲ ਗਲਪ ਦੇ ਮਾਧਿਅਮ ਰਾਹੀਂ ਇਸੇ ਕਿਸਮ ਦੀਆਂ ਯਥਾਰਥਕ ਸਥਿਤੀਆਂ ਨੂੰ ਉਸਾਰਦਾ ਹੈ। ਉਹ ਨਵੇਂ ਅਤੇ ਪੁਰਾਣੇ ਪ੍ਰਬੰਧ ਨੂੰ ਇਕ ਦੂਸਰੇ ਦੇ ਰੂਬਰੂ ਕਰ ਦਿੰਦਾ ਹੈ ਅਤੇ ਚਿੰਤਨ ਅਤੇ ਚੇਤਨਾ ਨੂੰ ਉਤੇਜਿਤ ਕਰਕੇ ਸਭਿਆਚਾਰਕ ਧਰਾਤਲ ਉੱਤੇ ਨਵੇਂ ਦਿਸ-ਹੱਦਿਆਂ ਦੀ ਟੋਹ ਦਿੰਦਾ ਹੈ। ਨਛੱਤਰ ਦੇ ਇਸ ਸਰਲ, ਸਹਿਜ ਅਤੇ ਪ੍ਰਭਾਵਸ਼ਾਲੀ ਨਾਵਲ ਦਾ ਨਿਸ਼ਚੇ ਹੀ ਸਵਾਗਤ ਕਰਨਾ ਬਣਦਾ ਹੈ।